ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੋਵਿੰਗ
CONTACT RAJ : 021874730, 021874702, 0800 253 2687
www.redcleaning.co.nz

12 July 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਨਿਊਜੀਲੈਂਡ ਦੇ ਕੈਂਟਬਰੀ ਵਿੱਚ 600 ਤੋਂ ਵੱਧ ਔਰਤਾਂ ਇੱਕਠੀਆਂ ਹੋਇਆਂ



ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) 15 ਮਾਰਚ ਨੂੰ ਕ੍ਰਾਈਸਚਰਚ ਦੀ ਮਸਜਿਦ ਵਿੱਚ ਹੋਏ ਹਮਲੇ ਤੋਂ ਬਾਅਦ ਨਿਊਜ਼ੀਲੈਂਡ ਵਿੱਚ ਵੱਖ-ਵੱਖ ਤਰਾਂ ਦੇ ਪ੍ਰੋਗਰਾਮਾਂ ਦਾ ਆਯੋਜਿਨ ਕੀਤਾ ਜਾ ਰਿਹਾ ਹੈ ਤਾਂ ਜੋ ਦੁਨੀਆਂ ਨੂੰ ਦਿਖਾਇਆ ਜਾ ਸਕੇ ਕਿ ਉਹ ਆਪਸੀ ਪਿਆਰ-ਮੁਹੱਬਤ ਨਾਲ ਰਹਿੰਦੇ ਹਨ। ਅਜਿਹਾ ਹੀ ਇੱਕ ਪ੍ਰੋਗਰਾਮ ਨਿਊਜ਼ੀਲੈਂਡ ਦੇ ਕੈਂਟਰਬਰੀ ਵਿੱਚ ਆਯੋਜਿਤ ਕੀਤਾ ਗਿਆ ਜਿਸ ਵਿੱਚ 600 ਤੋਂ ਵੱਧ ਵੱਖ ਵੱਖ ਭੂਗੋਲਿਕ ਖੇਤਰਾਂ, ਜਾਤਾਂ ਅਤੇ ਧਰਮਾਂ ਨਾ ਜੁੜੀਆਂ ਔਰਤਾਂ ਨੇ ਹਿੱਸਾ ਲਿਆ। ਇਸ ਪ੍ਰੋਗਰਾਮ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਉਹ ਦੁਨੀਆ ਨੂੰ ਇੱਕ ਸੁਨੇਹਾ ਦੇਣਾ ਚਾਹੁੰਦੇ ਹਨ ਕਿ ਅਸੀਂ ਸਭ ਵੱਖ-ਵੱਖ ਜਾਤਾਂ ਧਰਮਾਂ ਨਾਲ ਜੁੜੇ ਹੋਣ ਤੋਂ ਬਾਅਦ ਵੀ ਇੱਕ ਹਾਂ।ਅੱਜ ਦੁਨੀਆਂ ਭਰ ਵਿੱਚ ਨਫਰਤ ਅਤੇ ਨਸਲੀ ਭੇਦ-ਭਾਵ ਦਾ ਬੋਲ-ਬਾਲਾ ਹੈ ਅਜਿਹੇ ਵਿੱਚ ਅਸੀਂ ਲੋਕਾਂ ਨੂੰ ਆਪਸ ਵਿੱਚ ਜੋੜਨ ਦਾ ਯਤਨ ਕਰ ਰਹੇ ਹਾਂ ਤਾਂ ਜੋ ਨਸਲੀ ਭੇਦ-ਭਾਵ ਨੂੰ ਮਿਟਾਇਆ ਜਾ ਸਕੇ।

# ਬਲੈਨਹੈਮ ਪੁਲਿਸ ਸਟੇਸ਼ਨ ਦੀ ਇਮਾਰਤ ਹੋਈ ਖਸਤਾ, ਬੰਦ ਕੀਤਾ ਗਿਆ ਸਟੇਸ਼ਨ




ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਬਲੈਨਹੈਮ ਪੁਲਿਸ ਸਟੇਸ਼ਨ ਨੂੰ ਅਣ-ਸੁਰੱਖਿਅਤ ਐਲਾਨ ਦਿੱਤਾ ਗਿਆ ਹੈ ਅਤੇ ਇਸ ਤੋਂ ਬਾਅਦ ਇਥੇ ਦਾ ਸਾਰਾ ਕੰਮ ਕਾਰ ਰੋਕ ਦਿੱਤਾ ਗਿਆ। ਅਤੇ ਇਸ ਪੁਲਿਸ ਸ਼ਟੇਸ਼ਨ ਦੇ 40 ਦੇ ਕਰੀਬ ਸਟਾਫ ਮੈਂਬਰਾਂ ਨੂੰ ਕਿਸੇ ਹੋਰ ਬਿਲਡਿੰਗ ਵਿੱਚ ਸ਼ਿਫਟ ਕਰ ਦਿੱਤਾ ਗਿਆ। ਇਸ ਬਾਰੇ ਜਿਲਾ ਕਮਾਂਡਰ ਇੰਸਪੈਕਟਰ ਗਿਨੀ ਵੈਲਚ ਨੇ ਕਿਹਾ ਕਿ ਇਮਾਰਤ ਦੀ ਖਸਤਾ ਹਾਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਫੈਸਲਾ ਲਿਆ ਗਿਆ। ਉਨਹਾਂ ਦੱਸਿਆ ਇੱਥੇ ਬੰਦ ਕੈਦੀਆਂ ਨੂੰ ਵੀ ਨੈਲਸਨ ਵਿਖੇ ਸ਼ਿਫਟ ਕੀਤਾ ਗਿਆ। ਸਰਕਾਰ ਵੱਲੋਂ ਜਲਦੀ ਹੀ ਇਸ ਇਮਾਰਤ ਨੂੰ ਨਵੇਂ ਸਿਰੇ ਤੋਂ ਬਣਾਇਆ ਜਾ ਸਕਦਾ ਹੈ।

# ਨਿਊਜ਼ੀਲੈਂਡ ਦੇ ਕਪਤਾਨ ਵਿਲੀਅਮਸਨ ਨੇ ਦੱਸਿਆ ਮੈਚ ਦਾ ਟਰਨਿੰਗ ਪੁਆਇੰਟ

ਲਗਾਤਾਰ ਦੂਜੀ ਵਾਰ ਕ੍ਰਿਕਟ ਵਿਸ਼ਵ ਕੱਪ ਦੇ ਫਾਈਨਲ 'ਚ ਪਹੁੰਚਣ 'ਤੇ ਨਿਊਜ਼ੀਲੈਂਡ ਦੇ ਕਪਤਾਨ ਕੇਨ ਵਿਲੀਅਸਨ ਬਹੁਤ ਖੁਸ਼ ਦਿਖੇ। ਉਨ੍ਹਾਂ ਨੇ ਮੈਚ ਤੋਂ ਬਾਅਦ ਕਿਹਾ ਕਿ ਇਹ ਵੱਖਰੀ ਤਰ੍ਹਾਂ ਦੀ ਫੀਲਿੰਗ ਹੈ। ਇਸ ਵਿਸ਼ਵ ਕੱਪ 'ਚ ਸਾਨੂੰ ਜਿਸ ਤਰ੍ਹਾਂ ਦੀ ਸਲਾਹ ਮਿਲੀ ਉਹ ਪਿਛਲੇ ਵਿਸ਼ਵ ਕੱਪ ਤੋਂ ਵੱਖਰੀ ਸੀ। ਇੱਥੇ ਤਕ ਪਹੁੰਚਣਾ ਬਹੁਤ ਮੁਸ਼ਕਿਲ ਸੀ। ਅਸੀਂ ਬਸ ਹਾਲਾਤਾਂ ਨੂੰ ਜਲਦੀ ਸਮਝ ਲਿਆ ਕਿਉਂਕਿ ਸਾਨੂੰ ਦੋਵਾਂ ਟੀਮਾਂ ਨੂੰ ਪਤਾ ਸੀ ਕਿ ਇਹ ਪਿੱਚ ਸਕੋਰਰ ਨਹੀਂ ਹੈ। ਸਾਨੂੰ ਲੱਗ ਕਿਹਾ ਸੀ ਕਿ 240-250 ਦਾ ਸਕੋਰ ਭਾਰਤ ਦੇ ਦਬਾਅ 'ਚ ਸਾਡੀ ਮਦਦ ਕਰੇਗਾ। ਇਸ ਤਰ੍ਹਾਂ ਹੀ ਹੋਇਆ। ਵਿਲੀਅਮਸਨ ਨੇ ਕਿਹਾ ਕਿ ਬਹੁਤ ਸਾਰੀਆਂ ਚੀਜ਼ਾਂ ਹਾਲਾਤਾਂ 'ਤੇ ਨਿਰਭਰ ਸੀ। ਕੱਲ ਦੇ ਮੀਂਹ ਨਾਲ ਸਥਿਤੀ ਬਹੁਤ ਬਦਲ ਗਈ ਸੀ। ਨਵੀਂ ਗੇਂਦ ਦੇ ਨਾਲ, ਸਾਡੇ ਗੇਂਦਬਾਜ਼ ਸੀਮ ਜਾਂ ਹਵਾ 'ਚ ਗੇਂਦ ਨੂੰ ਮੂਵਮੈਂਟ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਜਿਸ ਨਾਲ ਉਹ ਦਬਾਅ ਬਣਉਣ 'ਚ ਸਫਲ ਹੋਏ। ਭਾਰਤ ਦੇ ਕੋਲ ਵਿਸ਼ਵ ਪੱਧਰੀ ਬੱਲੇਬਾਜ਼ੀ




ਲਾਇਨ ਅੱਪ ਹੈ। ਸਾਨੂੰ ਪਤਾ ਸੀ ਕਿ ਟ੍ਰੈਕ ਧੀਮਾ ਹੈ ਤਾਂ ਸਾਨੂੰ ਪੂਰਾ ਪ੍ਰਦਰਸ਼ਨ ਕਰਨਾ ਹੋਵੇਗਾ। ਨਿਊਜ਼ੀਲੈਂਡ ਦੇ ਕਪਤਾਨ ਨੇ ਕਿਹਾ ਕਿ ਭਾਰਤੀ ਟੀਮ ਨੇ ਦਿਖਾਇਆ ਕਿ ਉਹ ਇਕ ਵਿਸ਼ਵ ਪੱਧਰੀ ਪੱਖ ਕਿਉਂ ਹੈ। ਭਾਰਤੀ ਟੀਮ ਨੇ ਅਸਲ 'ਚ ਮੈਚ ਇਕ ਇਸ ਤਰ੍ਹਾਂ ਦੀ ਸਥਿਤੀ 'ਚ ਖੜ੍ਹਾ ਕੀਤਾ ਸੀ ਜਦੋਂ ਧੋਨੀ ਤੇ ਜਡੇਜਾ ਆਪਣੀ ਟੀਮ ਨੂੰ ਜਿੱਤ ਹਾਸਲ ਕਰਵਾ ਸਕਦੇ ਸੀ ਪਰ ਅਸੀਂ ਠੀਕ ਸਮੇਂ 'ਤੇ ਜਡੇਜਾ ਦਾ ਵਿਕਟ ਹਾਸਲ ਕੀਤਾ। ਇਹ ਸਾਡੇ ਲਈ ਟਰਨਿੰਗ ਪੁਆਇੰਟ ਦੀ ਤਰ੍ਹਾਂ ਰਿਹਾ। ਆਖਿਰ 'ਚ ਅਸੀਂ ਚੋਟੀ 'ਤੇ ਪਹੁੰਚਣ 'ਚ ਸਫਲ ਹੋ ਗਏ।

# ਹਾਈਕੋਰਟ ਦੀ ਸੁਖਬੀਰ ਬਾਦਲ ਤੇ ਮਜੀਠੀਆ 'ਤੇ ਸਖਤੀ !

ਚੰਡੀਗੜ੍ਹ: ਹਾਈਕੋਰਟ ਨੇ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਤੇ ਬਿਕਰਮ ਮਜੀਠੀਆ ਨੂੰ ਝਾੜ ਪਾਈ। ਅਦਾਲਤ ਨੇ ਸਖਤ ਲਹਿਜ਼ੇ ਵਿੱਚ ਕਿਹਾ ਕਿ ਸਾਰਿਆਂ ਨੂੰ ਵਿਚਾਰ ਪ੍ਰਗਟਾਉਣ ਦਾ ਹੱਕ ਹੈ ਪਰ ਮਰਿਆਦਾ ਦਾ ਖਿਆਲ ਰੱਖਣਾ ਬੇਹੱਦ ਜ਼ਰੂਰੀ ਹੈ। ਜਸਟਿਸ ਅਮਿਤ ਰਾਵਲ ਨੇ ਸਖਤੀ ਨਾਲ ਕਿਹਾ ਕਿ ਨਿਆਂਪਾਲਿਕਾ ਦਾ ਮਜ਼ਾਕ ਨਹੀਂ




ਉਡਾਇਆ ਜਾ ਸਕਦਾ। ਅਦਾਲਤ ਨੇ ਇਹ ਟਿੱਪਣ ਜਸਟਿਸ ਰਣਜੀਤ ਸਿੰਘ ਵੱਲੋਂ ਦਾਇਰ ਮਾਣਹਾਨੀ ਦੇ ਮਾਮਲੇ ਦੀ ਸੁਣਵਾਈ ਕਰਦਿਆਂ ਕੀਤੀ। ਜਸਟਿਸ ਰਣਜੀਤ ਸਿੰਘ ਕਮਿਸ਼ਨ ਖਿਲਾਫ ਟਿੱਪਣੀਆਂ ਦੇ ਮਾਮਲੇ ਵਿੱਚ ਅੱਜ ਸੁਖਬੀਰ ਬਾਦਲ ਤੇ ਬਿਕਰਮ ਮਜੀਠੀਆ ਅਦਾਲਤ ਵਿੱਚ ਪੇਸ਼ ਹੋਏ। ਅਦਾਲਤ ਨੇ ਕਿਹਾ ਕਿ ਦੋਵੇਂ ਤਜ਼ਰਬੇਕਾਰ ਸਿਆਸਤਦਾਨ ਹਨ, ਇਸ ਲਈ ਵਿਵਾਦ ਨੂੰ ਅਸਾਨੀ ਨਾਲ ਟਾਲਿਆ ਜਾ ਸਕਦਾ ਸੀ। ਹਾਈਕੋਰਟ ਨੇ ਦੋਵਾਂ ਨੂੰ ਜ਼ਮਾਨਤ ਦਿੰਦਿਆਂ ਮਾਮਲੇ ਦੀ ਅਗਲੀ ਸੁਣਵਾਈ 21 ਅਗਸਤ 'ਤੇ ਪਾ ਦਿੱਤੀ ਹੈ। ਸੁਖਬੀਰ ਬਾਦਲ ਤੇ ਬਿਕਰਮ ਮਜੀਠੀਆ ਪਹਿਲਾਂ ਅਦਾਲਤ ਵਿੱਚ ਪੇਸ਼ ਨਹੀਂ ਹੋਏ ਸੀ। ਇਸ ਲਈ ਅਦਾਲਤ ਨੇ ਸਖਤ ਰਵੱਈਆ ਅਖਤਿਆਰ ਕਰਦਿਆਂ ਹੁਕਮ ਦਿੱਤਾ ਸੀ ਕਿ ਉਹ ਅਦਾਲਤ ਵਿੱਚ ਪੇਸ਼ ਹੋ ਕੇ ਹੀ ਜ਼ਮਾਨਤ ਲੈ ਸਕਦੇ ਹਨ। ਅੱਜ ਸੁਖਬੀਰ ਬਾਦਲ ਤੇ ਮਜੀਠੀਆ ਦੇ ਵਕੀਲ ਆਰਐਸ ਚੀਮਾ ਨੇ ਅਦਾਲਤ ਨੂੰ ਕਿਹਾ ਕਿ ਅਪਰਾਧਕ ਸ਼ਿਕਾਇਤ 'ਚ ਵੱਧ ਤੋਂ ਵੱਧ ਸਜ਼ਾ ਦੋ ਸਾਲ ਤੋਂ ਘੱਟ ਹੈ। ਇਸ ਲਈ ਇਸ ਦੀ ਸੁਣਵਾਈ ਸੰਮਨ ਕੇਸ ਵਾਂਗ ਹੀ ਹੋਈ ਚਾਹੀਦੀ ਹੈ। ਇਸ ਦੇ ਨਾਲ ਹੀ ਸੀਆਰਪੀਸੀ ਦੇ ਪ੍ਰਾਵਧਾਨ ਮੁਤਾਬਕ ਅਦਾਲਤ ਮੁਲਜ਼ਮ ਨੂੰ ਪਹਿਲੀ ਪੇਸ਼ੀ ਤੋਂ ਵੀ ਛੂਟ ਦੇ ਸਕਦੀ ਹੈ। ਇਸ ਦਾ ਵਿਰੋਧ ਕਰਦਿਆਂ ਜਸਟਿਸ ਰਣਜੀਤ ਸਿੰਘ ਦੇ ਵਕੀਲ ਏਪੀਐਸ ਦਿਓਲ ਨੇ ਕਿਹਾ ਕਿ ਕਮਿਸ਼ਨ ਆਫ ਇੰਨਕੁਆਰੀ ਐਕਟ ਦੇ ਸੈਕਸ਼ਨ 10 ਤਹਿਤ ਅਪਰਾਧਕ ਸ਼ਿਕਾਇਤ ਦੀ ਸੁਣਵਾਈ ਵਰੰਟ ਕੇਸ ਵਾਂ ਹੀ ਹੋਈ ਚਾਹੀਦੀ ਹੈ। ਵਰੰਟ ਕੇਸ ਵਿੱਚ ਮੁਲਜ਼ਮ ਦੀ ਅਦਾਲਤ ਵਿੱਚ ਨਿੱਜੀ ਪੇਸ਼ ਜ਼ਰੂਰੀ ਹੈ।

# ਹਸਪਤਾਲ ਦੀ ਲਾਪਰਵਾਹੀ ਕਾਰਨ ਗਲਤ ਮਹਿਲਾ ਚ ਇੰਪਲਾਂਟ ਹੋਇਆ ਭਰੂਣ

ਦੱਖਣੀ ਕੈਲੀਫੋਰਨੀਆ ਵਿਚ ਇਕ ਜੋੜੇ ਦੇ ਨਾਲ ਅਜੀਬੋਗਰੀਬ ਵਾਕਿਆ ਸਾਹਮਣੇ ਆਇਆ ਹੈ। ਜੋੜੇ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਭਰੂਣ ਨੂੰ ਗਲਤੀ ਨਾਲ ਨਿਊਯਾਰਕ ਦੀ ਇਕ ਮਹਿਲਾ ਵਿਚ ਇੰਪਲਾਂਟ ਕੀਤਾ ਗਿਆ। ਜਿਸ ਮਹਿਲਾ ਨੇ ਉਨ੍ਹਾਂ ਦੇ ਲੜਕੇ ਨੂੰ ਜਨਮ ਦਿੱਤਾ, ਜਿਨ੍ਹਾਂ ਨੇ ਆਪਣੇ ਪੁੱਤਰ ਦੇ ਨਾਲ-ਨਾਲ ਦੂਜੇ ਜੋੜੇ ਨਾਲ ਸਬੰਧਿਤ ਦੂਜੇ ਲੜਕੇ ਨੂੰ ਜਨਮ ਦਿੱਤਾ ਹੈ। ਇਸ ਗੰਭੀਰ ਲਾਪਰਵਾਹੀ ਤੋਂ ਬਾਅਦ ਹੁਣ ਜੋੜਾ ਕਲੀਨਿਕ 'ਤੇ ਮੁਕੱਦਮਾ ਕਰਨ ਜਾ ਰਿਹਾ ਹੈ।



ਜੋੜਾ ਐਨੀ ਅਤੇ ਐਸ਼ੋਤ ਮੈਨੁਕਿਆਂ ਵਲੋਂ ਮੁਕੱਦਮਾ ਲਾਸ ਏਂਜਲਸ ਵਿਚ ਸੀ.ਐਚ.ਏ. ਫਰਟੀਲਿਟੀ ਸੈਂਟਰ ਵਲੋਂ ਇਨ ਵਿਟਰੋ ਉਪਜਾਊਕਰਣ ਮਿਸ਼ਰਣ ਵਿਚ ਇਕ ਕਥਿਤ ਵਰਣਨ ਕਰਦਾ ਹੈ, ਜਿਸ ਵਿਚ ਤਿੰਨ ਵੱਖ-ਵੱਖ ਜੋੜੇ ਸ਼ਾਮਲ ਹਨ। ਲਾਸ ਏਂਜਲਸ ਕਾਉਂਟੀ ਦੇ ਸੁਪੀਰੀਅਰ ਕੋਰਟ ਮੁਤਾਬਕ ਬੁੱਧਵਾਰ ਨੂੰ ਦਾਇਰ ਕੀਤੇ ਗਏ ਮੁਕੱਦਮੇ ਵਿਚ ਦਾਅਵਾ ਕੀਤਾ ਗਿਆ ਹੈ ਕਿ ਜੋੜਾ ਐਨੀ ਅਤੇ ਐਸ਼ੋਟ ਮੈਨੁਕਿਆਂ ਖੌਫ ਵਿਚ ਹੈ, ਜਦੋਂ ਤੋਂ ਉਨ੍ਹਾਂ ਨੂੰ ਪਤਾ ਲੱਗਿਆ ਹੈ ਕਿ ਉਨ੍ਹਾਂ ਦੇ ਬੱਚੇ ਦੇ ਭਰੂਣ ਨੂੰ ਇਕ ਅਜਨਬੀ ਮਹਿਲਾ ਦੇ ਗਰਭ ਵਿਚ ਇੰਪਲਾਂਟ ਕੀਤਾ ਗਿਆ ਅਤੇ ਇਹ ਸਭ ਉਸ ਦੌਰਾਨ ਹੋਇਆ ਜਦੋਂ ਉਨ੍ਹਾਂ ਦਾ ਬੱਚਾ ਸਿਰਫ ਇਕ ਭਰੂਣ ਸੀ। ਉਥੇ ਹੀ ਸੁਪੀਰੀਅਰ ਕੋਰਟ ਮੁਤਾਬਕ ਨਿਊਯਾਰਕ ਵਿਚ ਬੱਚੇ ਨੂੰ ਜਨਮ ਦੇਣ ਵਾਲੀ ਮਾਂ ਦਾ ਮੰਨਣਾ ਹੈ ਕਿ ਉਹ ਆਪਣੇ ਜੌੜਾ ਬੱਚਿਆਂ ਨੂੰ ਹਸਪਤਾਲ ਲੈ ਗਈ ਸੀ। ਯਾਨੀ ਦੂਜੀ ਮਹਿਲਾ ਦਾ ਦਾਅਵਾ ਹੈ ਕਿ ਉਸ ਨੇ ਜੌੜਾ ਬੱਚਿਆਂ ਨੂੰ ਜਨਮ ਦਿੱਤਾ ਸੀ। ਹਾਲਾਂਕਿ ਜੈਨੇਟਿਕ ਪ੍ਰੀਖਣ ਨੇ ਪੁਸ਼ਟੀ ਕੀਤੀ ਕਿ ਬੱਚੇ ਜੌੜੇ ਨਾਲ ਸਬੰਧਿਤ ਨਹੀਂ ਸਨ ਅਤੇ ਇਨ੍ਹਾਂ ਦਾ ਇਕ ਦੂਜੇ ਨਾਲ ਕੋਈ ਸਬੰਧ ਨਹੀਂ ਸੀ, ਜਿਸ ਤੋਂ ਬਾਅਦ ਮਹਿਲਾ ਅਤੇ ਉਸ ਦੇ ਪਤੀ ਨੇ ਪਿਛਲੇ ਹਫਤੇ ਬਰੁਕਲਿਨ ਵਿਚ ਫੈਡਰਲ ਅਦਾਲਤ ਵਿਚ ਕਲੀਨਿਕ ਵਿਚ ਮੈਡੀਕਲ ਲਾਪਰ▲ਵਾਹੀ ਕਾਰਨ ਮੁਕੱਦਮਾ ਦਾਇਰ ਕੀਤਾ। ਕੋਰਟ ਫਾਈਲਿੰਗ ਮੁਤਾਬਕ ਗਲੇਨਡੇਲ, ਕੈਲੀਫੋਰਨੀਆ ਦੇ ਮੈਨੁਕਿਆਂ ਨੇ ਆਪਣੇ ਪੁੱਤਰ ਨੂੰ ਹਿਰਾਸਤ ਵਿਚ ਲੈਣ ਤੋਂ ਪਹਿਲਾਂ ਇਕ ਅਦਾਲਤੀ ਲੜਾਈ ਦਾ ਸਾਹਮਣਾ ਕੀਤਾ। ਉਹ ਪਰਿਭਾਸ਼ਿਤ ਮੁਆਵਜ਼ਾ ਅਤੇ ਭਾਰੀ ਹਰਜਾਨੇ ਦੀ ਮੰਗ ਕਰ ਰਹੇ ਹਨ।

# ਰਾਜੇਸ਼ ਮਿਸ਼ਰਾ ਦੀ ਸਫਾਈ, ਧੀ ਦੀ ਲਵ ਮੈਰਿਜ ਤੋਂ ਕੋਈ ਇਤਰਾਜ਼ ਨਹੀਂ

ਬਰੇਲੀ ਤੋਂ ਭਾਜਪਾ ਪਾਰਟੀ ਦੇ ਵਿਧਾਇਕ ਰਾਜੇਸ਼ ਮਿਸ਼ਰਾ ਨੇ ਸਫਾਈ ਦਿੱਤੀ ਹੈ ਕਿ ਉਨ੍ਹਾਂ ਨੂੰ ਆਪਣੀ ਧੀ ਦੀ ਲਵ ਮੈਰਿਜ ਤੋਂ ਕੋਈ ਇਤਰਾਜ਼ ਨਹੀਂ ਹੈ ਅਤੇ ਬਾਲਗ ਹੋਣ ਦੇ ਨਾਤੇ ਉਸ ਨੂੰ ਆਪਣੇ ਫੈਸਲੇ ਖੁਦ ਲੈਣ ਦਾ ਅਧਿਕਾਰ ਹੈ। ਦਰਅਸਲ ਉੱਤਰ ਪ੍ਰਦੇਸ਼ 'ਚ ਬਰੇਲੀ ਤੋਂ ਭਾਜਪਾ ਵਿਧਾਇਕ ਰਾਜੇਸ਼ ਮਿਸ਼ਰਾ ਦੀ ਧੀ ਸਾਕਸ਼ੀ ਦਾ ਇਕ ਵੀਡੀਓ ਵਾਇਰਲ ਹੋਇਆ ਹੈ, ਜਿਸ ਵਿਚ ਉਸ ਨੇ ਆਪਣੇ ਪਿਤਾ ਤੋਂ ਜਾਨ ਦਾ ਖਤਰਾ ਦੱਸਦੇ ਹੋਏ ਸੁਰੱਖਿਆ ਦੀ ਗੁਹਾਰ ਲਾਈ ਹੈ। ਸਾਕਸ਼ੀ ਅਤੇ ਉਸ ਦੇ ਪਤੀ ਨੇ ਕਿਸੇ ਅਣਪਛਾਤੀ ਥਾਂ ਤੋਂ ਕਾਰ ਵਿਚ ਬੈਠੇ ਹੋਏ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਕੀਤਾ ਹੈ, ਜਿਸ ਵਿਚ ਉਸ ਨੇ ਕਿਹਾ ਸੀ ਕਿ ਉਸ ਨੇ ਦਲਿਤ ਨੌਜਵਾਨ ਅਜਿਤੇਸ਼ ਕੁਮਾਰ ਨਾਲ ਵਿਆਹ ਕੀਤਾ ਹੈ। ਜਿਸ ਤੋਂ ਬਾਅਦ ਉਸ ਨੂੰ ਅਤੇ ਉਸ ਦੇ ਪਤੀ ਨੂੰ ਪਿਤਾ ਤੋਂ ਜਾਨ ਦਾ ਖਤਰਾ ਹੈ। ਜੋੜੇ ਨੇ ਆਪਣੇ ਵਿਆਹ ਦਾ ਸਰਟੀਫਿਕੇਟ ਵੀ ਜਾਰੀ ਕੀਤਾ ਹੈ, ਜਿਸ ਮੁਤਾਬਕ ਉਨ੍ਹਾਂ ਨੇ ਇਲਾਹਾਬਾਦ ਦੇ ਪ੍ਰਾਚੀਨ ਜਾਨਕੀ ਮੰਦਰ ਵਿਚ 4 ਜੁਲਾਈ ਨੂੰ ਹਿੰਦੂ ਰੀਤੀ-ਰਿਵਾਜ ਨਾਲ ਵਿਆਹ ਕੀਤਾ। ਸਰਟੀਫਿਕੇਟ 'ਚ ਦੋਹਾਂ ਤੋਂ ਇਲਾਵਾ ਦੋ ਗਵਾਹਾਂ ਦੇ ਦਸਤਖਤ ਵੀ ਹਨ। ਇਸ ਮਾਮਲੇ ਦੇ ਤੂਲ ਫੜਨ ਤੋਂ ਬਾਅਦ ਭਾਜਪਾ ਵਿਧਾਇਕ ਨੇ ਪ੍ਰੈੱਸ ਰਿਲੀਜ਼ ਜਾਰੀ ਕਰ ਕੇ ਕਿਹਾ, "ਮੇਰੇ ਵਿਰੁੱਧ ਮੀਡੀਆ 'ਚ ਜੋ ਚੱਲ ਰਿਹਾ ਹੈ, ਇਹ ਸਭ ਗਲਤ ਹੈ। ਮੇਰੀ ਧੀ ਬਾਲਗ ਹੈ, ਉਸ ਨੂੰ ਫੈਸਲਾ ਲੈਣ ਦਾ ਅਧਿਕਾਰ ਹੈ, ਮੈਂ ਕਿਸੇ ਨੂੰ ਜਾਨ ਤੋਂ ਮਾਰਨ ਦੀ ਧਮਕੀ ਨਹੀਂ ਦਿੱਤੀ ਹੈ। ਨਾ ਹੀ ਮੇਰੇ ਕਿਸੇ ਆਦਮੀ ਨੇ ਦਿੱਤੀ ਹੈ, ਨਾ ਹੀ ਮੇਰੇ ਪਰਿਵਾਰ ਦੇ ਕਿਸੇ ਵਿਅਕਤੀ ਨੇ ਦਿੱਤੀ ਹੈ। ਮੈਂ ਅਤੇ ਮੇਰਾ ਪਰਿਵਾਰ ਆਪਣੇ ਕੰਮ ਵਿਚ ਰੁੱਝੇ ਹਾਂ, ਮੈਂ ਆਪਣੀ ਵਿਧਾਨ ਸਭਾ ਵਿਚ ਜਨਤਾ ਦਾ ਕੰਮ ਕਰ ਰਿਹਾ ਹਾਂ ਅਤੇ ਪਾਰਟੀ ਦੀ ਮੈਂਬਰਤਾਂ ਚਲਾ ਰਿਹਾ ਹਾਂ। ਮੇਰੇ ਵਲੋਂ ਕਿਸੇ ਨੂੰ ਕੋਈ ਖਤਰਾ ਨਹੀਂ ਹੈ।" ਦੱਸਣਯੋਗ ਹੈ ਕਿ ਸਾਕਸ਼ੀ ਨੇ ਇਕ ਹੋਰ ਵੀਡੀਓ 'ਚ ਬਰੇਲੀ ਦੇ ਐੱਸ. ਐੱਸ. ਪੀ. ਤੋਂ ਗੁਹਾਰ ਲਾਈ ਕਿ ਉਸ ਨੂੰ ਆਪਣੇ ਪਿਤਾ, ਭਰਾ ਵਿੱਕੀ ਅਤੇ ਪਿਤਾ ਦੇ ਇਕ ਸਹਿਯੋਗੀ ਤੋਂ ਜਾਨ ਦਾ ਖਤਰਾ ਹੈ। ਅਜਿਹੇ ਵਿਚ ਉਨ੍ਹਾਂ ਨੂੰ ਸੁਰੱਖਿਆ ਮੁਹੱਈਆ ਕਰਵਾਈ ਜਾਵੇ। ਉਸ ਨੇ ਕਿਹਾ ਕਿ ਇਹ ਸਾਰੇ ਲੋਕ ਮਿਲ ਕੇ ਉਸ ਦੀ ਅਤੇ ਉਸ ਦੀ ਪਤਨੀ ਦੀ ਹੱਤਿਆ ਕਰਨਾ ਚਾਹੁੰਦੇ ਹਨ।